78 ਕੈਲੀਫ਼ੋਰਨੀਆ ਵਿੱਚ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ

93 ਸਿਗਰਟ ਅਤੇ ਤੰਬਾਕੂ ਉਤਪਾਦਾਂ 'ਤੇ ਟੈਕਸ

152 ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਜਾਂਚ-ਪੜਤਾਲ

161 ਫ਼ੌਜਦਾਰੀ ਬੁਲਾਵੇ ਵਿਚ ਦੀਵਾਨੀ ਪ੍ਰਸਾਸ਼ਨਿਕ ਪ੍ਰਕਿਰਿਆ ਸ਼ਾਮਲ ਹੁੰਦੀ ਹੈ

403 ਨਿਊ ਕੈਲੀਫ਼ੋਰਨੀਆ ਕਾਊਂਟਰਫੀਟ – ਰਿਸਿਸਟੈਂਟ ਸਿਗਰਟ ਟੈਕਸ ਸਟੈਂਪ

407 ਮਾਸਟਰ ਸੈਟਲਮੈਂਟ ਐਗਰੀਮੈਂਟ

429 ਫਲੇਵਰਡ ਸਿਗਰੇਟਾਂ ਉੱਤੇ ਸੰਯੁਕਤ ਰਾਜ ਵਿਚ ਪ੍ਰਤੀਬੰਧ

438 ਕੀ ਪ੍ਰਚੂਨ ਵਿਕਰੇਤਾ ਇੰਟਰਨੈਟ ਤੋਂ ਜਾਂ ਕਿਸੇ ਬਿਨਾਂ ਲਾਈਸੈਂਸ ਵਾਲੇ ਸਪਲਾਇਰ ਤੋਂ ਸਿਗਰਟਾਂ ਅਤੇ ਤੰਬਾਕੂ ਦੇ ਉਤਪਾਦ ਖ਼ੀਦ ਸਕਦੇ ਹਨ?

ਬੀ ਓ ਈ (BOE) ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਲਾਇਸੈਂਸ ਦੇ ਪ੍ਰੋਗਰਾਮ ਦੇ ਸੰਬੰਧ ਵਿੱਚ ਇੱਕ ਮੁਫ਼ਤ ਕਲਾਸ ਵੀ ਚਲਾਉਂਦਾ ਹੈ। ਇਸ ਕਲਾਸ ਵਿੱਚ ਲਾਇਸੈਂਸ ਲੈਣ ਲਈ ਲੋੜਾਂ, ਕਾਨੂੰਨ ਵਿਚ ਹੁਣੇ ਜਿਹੇ ਆਏ ਬਦਲਾਓ, ਜਾਂਚ ਦੀ ਪ੍ਰਕਿਰਿਆ, ਰਿਕਾਰਡ ਰੱਖਣ, ਜੁਰਮਾਨੇ ਲਗਾਉਣ, ਅਤੇ ਹੋਰ ਕਈ ਚੀਜ਼ਾਂ ਸ਼ਾਮਲ ਹੁੰਦੀਆਂ ਹਨ। ਕਲਾਸ ਦੀ ਸਮਾਂ-ਸਾਰਣੀ ਦੇਖਣ ਲਈ ਬੀ ਓ ਈ (BOE) ਦੀ ਵੈਬਸਾਈਟ *www.boe.ca.gov* ਵਿਖੇ "Free Tax Seminar" ਲਿੰਕ 'ਤੇ ਕਲਿੱਕ ਕਰੋ ਜਾਂ 916-322-8536 'ਤੇ ਫ਼ੋਨ ਕਰੋ।

## ਟੈਕਸ ਦੀ ਚੋਰੀ ਦਾ ਸਾਡੇ ਸਭ 'ਤੇ ਅਸਰ ਪੈਂਦਾ ਹੈ ...

ਟੈਕਸ ਦੀ ਚੋਰੀ ਦੇ ਸ਼ੱਕ ਦੀ ਰਿਪੋਰਟ ਕਰਨ ਲਈ, ਸਾਡੀ ਟੈਕਸ ਚੋਰੀ ਹੋਟਲਾਈਨ 888-334-3300 'ਤੇ ਜਾਂ ਇਨਵੈਸਟੀਗੇਸ਼ਨ ਡਿਵੀਜ਼ਨ ਨੂੰ 916-322-0105 'ਤੇ ਫ਼ੋਨ ਕਰੋ।

## ਸਾਡੇ ਬੋਰਡ ਮੈਂਬਰਾਂ ਨਾਲ ਸੰਪਰਕ ਕਰਨ ਲਈ, ਦੇਖੋ:

*www.boe.ca.gov/members/board.htm*

ਇਹ ਅਨੁਵਾਦ ਕੀਤਾ ਹੋਇਆ ਪ੍ਰਕਾਸ਼ਨ ਤੁਹਾਡੀ ਸਹੂਲਤ ਲਈ ਮੁਹੱਈਆ ਕੀਤਾ ਗਿਆ ਹੈ। ਇਸ ਅੰਗ੍ਰੇਜ਼ੀ ਰੂਪਾਂਤਰ ਦੀ ਜਗ੍ਹਾ ਲੈਣ ਲਈ ਨਹੀਂ ਹੈ। ਜੇ ਅੰਗ੍ਰੇਜ਼ੀ ਰੂਪਾਂਤਰ ਅਤੇ ਇਸ ਅਨੁਵਾਦ ਵਿੱਚ ਕੋਈ ਅਸਮਾਨਤਾਵਾਂ ਹੋਣ, ਤਾਂ ਅੰਗ੍ਰੇਜ਼ੀ ਰੂਪਾਂਤਰ ਵਿੱਚ ਮੌਜੂਦ ਜਾਣਕਾਰੀ ਲਾਗੂ ਹੋਵੇਗੀ।

ਪ੍ਰਕਾਸ਼ਨ 152-PI ■ ਐਲ ਡੀ ਏ (LDA)
ਅਪ੍ਰੈਲ 2011

# ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਜਾਂਚਾਂ

(CIGARETTE AND TOBACCO PRODUCTINSPECTIONS
PUB 152-PI ▫ LDA ▫ APRIL 2011)

ਬੋਰਡ ਆਫ਼ ਇਕਊਲਾਈਜੇਸ਼ਨ

**BETTY T. YEE,** ਫ਼ਰਸਟ ਡਿਸਟ੍ਰਿਕਟ

**SEN. GEORGE RUNNER (Ret.),** ਸੈਕੰਡ ਡਿਸਟ੍ਰਿਕਟ

**MICHELLE STEEL,** ਥਰਡ ਡਿਸਟ੍ਰਿਕਟ

**JEROME E. HORTON,** ਫੋਰਥ ਡਿਸਟ੍ਰਿਕਟ

**JOHN CHIANG,** ਸਟੇਟ ਕੰਟ੍ਰੋਲਰ

■ ■ ■

**KRISTINE CAZADD,** ਐਗਜ਼ੀਕਿਊਟਿਵ ਡਾਇਰੈਕਟਰ

## ਤੁਸੀਂ ਮੇਰੇ ਕਾਰੋਬਾਰ ਦੀ ਜਾਂਚ ਕਿਉਂ ਕਰ ਰਹੇ ਹੋ?

ਅਸੀਂ ਤੁਹਾਡੇ ਕਾਰੋਬਾਰ ਦੀ ਇਹ ਦੇਖਣ ਲਈ ਰੁਟੀਨ ਜਾਂਚ ਕਰ ਰਹੇ ਹਾਂ, ਕਿ ਕੀ ਤੁਸੀਂ ਰਾਜ ਦੇ ਉਹਨਾਂ ਕਾਨੂੰਨਾਂ ਦੀ ਪਾਲਣਾ ਕਰ ਰਹੇ ਹੋ ਜੋ ਕੈਲੀਫ਼ਰਨੀਆ ਵਿੱਚ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਵੇਚ ਨੂੰ ਨਿਯੰਤ੍ਰਿਤ ਕਰਦੇ ਹਨ।

## ਤੁਸੀਂ ਕੀ ਲੱਭ ਰਹੇ ਹੋ?

ਅਸੀਂ ਇਹ ਦੇਖਣ ਲਈ ਜਾਂਚ ਕਰਾਂਗੇ ਕਿ:

- ਤੁਹਾਡੇ ਕੋਲ ਸਿਗਰਟ ਅਤੇ ਤੰਬਾਕੂ ਉਤਪਾਦਾਂ ਨੂੰ ਵੇਚਣ ਲਈ ਬੋਰਡ ਆਫ਼ ਇਕਊਲਾਈਜੇਸ਼ਨ (BOE) ਦਾ ਲਾਇਸੈਂਸ ਹੈ, ਅਤੇ ਜੇ ਤੁਹਾਡੇ ਕੋਲ ਕੋਈ ਹੋਰ ਬਿਜ਼ਨੇਸ ਪਰਮਿਟ ਜਾਂ ਲਾਇਸੈਂਸ ਹੋਣਾ ਚਾਹੀਦਾ ਹੈ ਤਾਂ ਅਸੀਂ ਦੇਖਣ ਲਈ ਉਸਦੀ ਮੰਗ ਕਰਾਂਗੇ।
- ਤੁਸੀਂ ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦ ਕਿਸੇ ਬੀ ਓ ਈ (BOE) ਸਿਗਰਟ ਅਤੇ ਤੰਬਾਕੂ ਲਾਇਸੈਂਸ ਵਾਲੇ ਵਿਕ੍ਰੇਤਾ ਤੋਂ ਖਰੀਦੇ ਹਨ (ਰਿਟੇਲਰਾਂ ਵਿਚਕਾਰ ਵਿਕਰੀ ਦੀ ਮਨਾਹੀ ਹੈ) ਅਤੇ ਤੁਹਾਡੇ ਕੋਲ ਤੁਹਾਡੀ ਇਨਵੈਂਟਰੀ ਲਈ ਸਮਾਨ ਦੀ ਖ਼ੀਦ ਨੂੰ ਸਾਬਤ ਕਰਨ ਲਈ ਰਸੀਦਾਂ ਹਨ।
- ਤੁਹਾਡੀ ਇਨਵੈਂਟਰੀ ਵਿੱਚ ਮੌਜੂਦ ਸਿਗਰਟਾਂ
  - ਨਾਲ ਕੈਲੀਫ਼ੋਰਨੀਆ ਟੈਕਸ ਦੀਆਂ ਵਾਜਬ ਸਟੈਂਪਾਂ ਨੱਥੀ ਹਨ,
  - ਫਲੇਵਰ ਵਾਲੀਆਂ ਸਿਗਰਟਾਂ ਨੂੰ ਸ਼ਾਮਲ ਨਾ ਕਰੋ (ਮੈਂਥੋਲਜ਼ ਨੂੰ ਛੂਟ ਹੈ), ਅਤੇ
  - ਕੈਲੀਫ਼ੋਰਨੀਆ ਤੰਬਾਕੂ ਡਾਇਰੈਕਟਰੀ ਵਿੱਚ ਕੈਲੀਫ਼ੋਰਨੀਆ ਵਿੱਚ ਵੇਚੇ ਜਾਣ ਲਈ ਕਾਨੂੰਨੀ ਤੌਰ 'ਤੇ ਪ੍ਰਵਾਨਿਤ ਵਜੋਂ ਸੂਚੀਬੱਧ ਹੋ (ਰੋਲ-ਯੋਰ-ਓਨ-ਟੋਬੈਕੋ ਵੀ ਤੰਬਾਕੂ ਡਾਇਰੈਕਟਰੀ ਵਿੱਚ ਸੂਚੀਬੱਧ ਹੋਣਾ ਚਾਹੀਦਾ ਹੈ)।
- ਤੁਹਾਡੀ ਇਨਵੈਂਟਰੀ ਵਿਚਲੇ ਸਿਗਰਟਾਂ ਦੇ ਪੈਕ ਕੈਲੀਫ਼ੋਰਨੀਆ ਦੀਆਂ "ਘੱਟ ਜਲਣਸ਼ੀਲ ਦੀ ਪ੍ਰਵਿਰਤੀ" ਵਾਲੀਆਂ ਅੱਗ ਤੋਂ ਸੁਰੱਖਿਆ ਦੀ ਲੋੜ ਦੀ ਪਾਲਣਾ ਕਰਦੇ ਹਨ।
- ਤੁਹਾਡੇ ਹੋਰ ਤੰਬਾਕੂ ਉਤਪਾਦਾਂ 'ਤੇ ਐਕਸਾਇਜ਼ ਟੈਕਸ ਦੇ ਦਿੱਤਾ ਗਿਆ ਸੀ।

ਇਹ ਜਾਂਚਾਂ ਰਾਜ ਦੇ ਕਾਨੂੰਨਾਂ ਵੱਲੋਂ ਅਧਿਕਾਰਤ ਹੁੰਦੀਆਂ ਹਨ ਜਿਨ੍ਹਾਂ ਨੂੰ, 2003 ਦੇ ਕੈਲੀਫ਼ੋਰਨੀਆ ਸਿਗਰਟ ਐਂਡ ਟੋਬੈਕੋ ਪ੍ਰੋਡਕਟ ਲਾਇਸੈਂਸਿੰਗ ਐਕਟ (ਕੈਲੀਫ਼ੋਰਨੀਆ ਬਿਜ਼ਨੇਸ ਐਂਡ ਪ੍ਰੋਫੈਸ਼ਨ ਕੋਡ ਦੀ ਡਿਵੀਜ਼ਨ 8.6), ਸਿਗਰਟ ਐਂਡ ਟੋਬੈਕੋ ਟੈਕਸ ਲਾਅ (ਰਿਵਿਨਿਊ ਐਂਡ ਟੈਕਸੇਸ਼ਨ ਕੋਡ ਦਾ ਭਾਗ 13, ਡਿਵੀਜ਼ਨ 2), ਅਤੇ ਕੈਲੀਫ਼ੋਰਨੀਆ ਸਿਗਰਟ ਫ਼ਾਇਰ ਸੇਫ਼ਟੀ ਐਂਡ ਫ਼ਾਇਰਫਾਇਟਰ ਪ੍ਰੋਟੈਕਸ਼ਨ ਐਕਟ (ਕੈਲੀਫ਼ੋਰਨੀਆ ਹੈਲਥ ਐਂਡ ਸੇਫ਼ਟੀ ਕੋਡ ਦੀ ਡਿਵੀਜ਼ਨ 12) ਵਜੋਂ ਜਾਣਿਆ ਜਾਂਦਾ ਹੈ।

## ਜਾਂਚ ਦੇ ਦੌਰਾਨ ਕੀ ਹੋਵੇਗਾ?

ਸਾਡੇ ਇੰਸਪੈਕਟਰ ਤੁਹਾਡੇ ਕਾਰੋਬਾਰ ਦੀ ਥਾਂ ਵਿੱਚ ਦਾਖਲ ਹੋਣਗੇ, ਤੁਹਾਨੂੰ ਜਾਂ ਤੁਹਾਡੇ ਕਰਮਚਾਰੀਆਂ ਨੂੰ ਆਪਣੀ ਪਛਾਣ ਦੱਸਣਗੇ, ਅਤੇ ਆਪਣੀ ਬੀ ਓ ਈ (BOE) ਪਛਾਣ ਦਿਖਾਉਣਗੇ। ਉਹ ਤੁਹਾਨੂੰ ਹੇਠਾਂ ਲਿਖੇ ਕੰਮ ਕਰਨ ਲਈ ਕਹਿਣਗੇ:

- ਉਹਨਾਂ ਨੂੰ ਆਪਣੀ ਨਿੱਜੀ ਪਛਾਣ ਦਿਖਾਉ।
- ਉਹਨਾਂ ਨੂੰ ਸਿਗਰਟ ਅਤੇ ਤੰਬਾਕੂ ਦਾ ਆਪਣਾ ਸਟਾਕ ਦਿਖਾਉ।
- ਪਿਛਲੇ ਬਾਰ੍ਹਾਂ ਮਹੀਨਿਆਂ ਲਈ ਆਪਣੀ ਸਿਗਰਟ ਅਤੇ ਤੰਬਾਕੂ ਉਤਪਾਦ ਦੀ ਖਰੀਦ ਅਤੇ ਵੇਚ ਇਨਵੋਇਸ (ਜਾਂ ਰਜਿਸਟਰ ਟੇਪਾਂ) ਜਿਨ੍ਹਾਂ ਨੂੰ ਤੁਹਾਡੀ ਕਾਰੋਬਾਰੀ ਥਾਂ ਤੇ ਰੱਖਣ ਦੀ ਜ਼ਰੂਰਤ ਹੈ, ਨੂੰ ਮੁਹੱਈਆ ਕਰੋ।
- ਉਹਨਾਂ ਨੂੰ ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਖਰੀਦ ਅਤੇ ਵੇਚ ਦੇ ਇਨਵੋਇਸ (ਜਾਂ ਰਜਿਸਟਰ ਟੇਪਾਂ), ਜਿਨ੍ਹਾਂ ਨੂੰ ਚਾਰ ਸਾਲਾਂ ਤਕ ਰੱਖੇ ਜਾਣ ਦੀ ਲੋੜ ਹੁੰਦੀ ਹੈ, ਦੀ ਰੱਖਣ ਦੀ ਥਾਂ ਦੱਸੋ।

ਇੰਸਪੈਕਟਰ ਤੁਹਾਡੀ ਕਾਰੋਬਾਰ ਵਾਲੀ ਥਾਂ 'ਤੇ ਅਤੇ ਉਸ ਇਮਾਰਤ ਜਾਂ ਸਟੋਰ ਕਰਨ ਵਾਲੇ ਕਨਟੇਨਰਾਂ ਵਿੱਚ, ਜਿੱਥੇ ਤੁਸੀਂ ਵਾਧੂ ਉਤਪਾਦ ਰੱਖਿਆ ਹੋ ਸਕਦਾ ਹੈ, ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਨਿਰੀਖਣ ਕਰਨਗੇ। ਉਹ ਤੁਹਾਡੀ ਇਨਵੈਂਟਰੀ ਵਿੱਚ ਸ਼ਾਮਲ ਸਿਗਰਟਾਂ 'ਤੇ ਟੈਕਸ ਸਟੈਂਪਾਂ ਨੂੰ ਇਲੈਕਟ੍ਰੋਨਿਕ ਤਰੀਕੇ ਨਾਲ ਸਕੈਨ ਕਰਨਗੇ। ਉਹ ਤੁਹਾਡੀਆਂ ਖਰੀਦ ਅਤੇ ਵੇਚ ਇਨਵੋਇਸਾਂ ਦੀ ਵੀ ਪੜਚੋਲ ਕਰਨਗੇ ਅਤੇ ਦੇਖਣਗੇ ਕਿ ਇਹ ਇਨਵੋਇਸ ਤੁਹਾਡੀ ਇਨਵੈਂਟਰੀ ਨਾਲ ਮੇਲ ਖਾਂਦੇ ਹਨ।

ਤੁਹਾਨੂੰ ਪ੍ਰਕਾਸ਼ਨ 78, ਸੇਲਜ਼ ਆਫ਼ ਸਿਗਰਟਸ ਐਂਡ ਤੰਬਾਕੂ ਪ੍ਰੋਡਕਟਸ ਇਨ ਕੈਲੀਫ਼ੋਰਨੀਆ, ਦੀ ਇੱਕ ਕਾਪੀ ਵੀ ਦਿੱਤੀ ਜਾਵੇਗੀ ਜਿਹੜੀ ਇਸ ਪ੍ਰੋਗਰਾਮ ਬਾਰੇ ਵਾਧੂ ਜਾਣਕਾਰੀ ਦਿੰਦੀ ਹੈ।

## ਜੇ ਇੰਸਪੈਕਟਰਾਂ ਨੂੰ ਉਹ ਉਤਪਾਦ ਮਿਲਦੇ ਹਨ ਜੋ ਮੈਂ ਕਾਨੂੰਨੀ ਤੌਰ 'ਤੇ ਵੇਚ ਨਹੀਂ ਸਕਦਾ ਹਾਂ ਤਾਂ ਕੀ ਹੁੰਦਾ ਹੈ?

ਇੰਸਪੈਕਟਰ ਉਹਨਾਂ ਨੂੰ ਮਿਲੇ ਬਿਨਾਂ ਟੈਕਸ ਵਾਲੇ, ਨਕਲੀ, ਜਾਂ ਦੂਜੇ ਕਾਰਨਾਂ ਕਰਕੇ ਗੈਰ-ਕਾਨੂੰਨੀ ਸਿਗਰਟ ਜਾਂ ਤੰਬਾਕ ਉਤਪਾਦਾਂ ਨੂੰ ਜ਼ਬਤ ਸਕਦੇ ਹਨ। ਉਹ:

- ਜ਼ਬਤ ਕਰਨ ਦੇ ਕਾਰਨ ਦੱਸਣਗੇ,
- ਤੁਹਾਨੂੰ ਜ਼ਬਤ ਕੀਤੇ ਉਤਪਾਦਾਂ ਦੀ ਸੂਚੀ ਦੇ ਨਾਲ ਵਿਸਤਾਰ ਵਿੱਚ ਰਸੀਦ ਦੇਣਗੇ,
- ਤੁਹਾਨੂੰ ਆਪਣੀ ਸੰਪਰਕ ਜਾਣਕਾਰੀ ਦੇਣਗੇ, ਅਤੇ ਨਾਲ ਹੀ

- ਤੁਹਾਨੂੰ ਹਾਜ਼ਰ ਹੋਣ ਲਈ ਬੁਲਾਵਾ ਵੀ ਜਾਰੀ ਕਰਨਗੇ।

ਕੋਈ ਵੀ ਸਿਗਰਟ ਬਰਾਂਡ ਜਾਂ ਰੌਲ-ਯੋਰ-ਓਨ-ਟੋਬੈਕੋ ਉਤਪਾਦ, ਜੋ ਅਟਾਰਨੀ ਜਨਰਲ ਦੀ ਕੈਲੀਫ਼ੋਰਨੀਆ ਤੰਬਾਕੂ ਡਾਇਰੈਕਟਰੀ ਵਿੱਚ ਨਹੀਂ ਦਿੱਤੇ ਗਏ ਹਨ, ਨੂੰ ਜ਼ਬਤ ਕੀਤਾ ਜਾ ਸਕਦਾ ਹੈ। ਰਿਟੇਲਰਾਂ ਜਾਂ ਥੋਕ ਵਿਕਰੀ ਕਰਨ ਵਾਲਿਆਂ ਨੂੰ ਬੀ ਓ ਈ (BOE) ਲਾਇਸੈਂਸ ਵਾਲੇ ਡਿਸਟ੍ਰੀਬਿਊਟਰਾਂ ਤੋਂ ਸਿਗਰਟ ਅਤੇ ਰੌਲ-ਯੋਰ-ਓਨ-ਟੋਬੈਕੋ ਖਰੀਦਣ ਤੋਂ ਪਹਿਲਾਂ ਹਮੇਸ਼ਾਂ ਡਾਇਰੈਕਟਰੀ ਜ਼ਰੂਰ ਦੇਖਣੀ ਚਾਹੀਦੀ ਹੈ। ਕੈਲੀਫ਼ੋਰਨੀਆ ਤੰਬਾਕੂ ਡਾਇਰੈਕਟਰੀ ਦੀ ਵੈਬਸਾਈਟ ਦਾ ਪਤਾ *ag.ca.govt/tobbaco/directory.php* ਹੈ।

ਨੋਟ ਕਰੋ: ਜਦ ਸਿਗਰਟਾਂ ਨੂੰ ਤੰਬਾਕੂ ਡਾਇਰੈਕਟਰੀ ਤੋਂ ਹਟਾ ਲਿਆ ਜਾਵੇ, ਤਾਂ ਪ੍ਰਚੂਨ ਵਿਕਰੇਤਾਵਾਂ ਨੂੰ ਟੈਕਸ-ਸਟੈਂਪ ਵਾਲੀਆਂ ਸਿਗਰਟਾਂ ਨੂੰ ਉਨ੍ਹਾਂ ਦੇ ਹਟਾਏ ਜਾਣ ਦੀ ਪ੍ਰਭਾਵੀ ਤਾਰੀਖ ਤੋਂ 60 ਦਿਨ ਲਈ ਰੱਖਣ ਦੀ, ਟ੍ਰਾਂਸਪੋਰਟ ਕਰਨ ਦੀ ਅਤੇ ਵੇਚਣ ਦੀ ਇਜ਼ਾਜ਼ਤ ਹੈ।

## ਕੀ ਜ਼ਬਤ ਕੀਤੇ ਉਤਪਾਦ ਮੈਨੂੰ ਵਾਪਸ ਮਿਲ ਸਕਦੇ ਹਨ?

ਤੁਹਾਨੂੰ ਇਹ ਕਹਿਣ ਦਾ ਹੱਕ ਹੈ ਕਿ ਤੁਹਾਡੇ ਜ਼ਬਤ ਕੀਤੇ ਉਤਪਾਦ ਤੁਹਾਨੂੰ ਵਾਪਸ ਕਰ ਦਿੱਤੇ ਜਾਣ। ਜੇ ਸਾਡੇ ਇੰਸਪੈਕਟਰ ਜਾਂਚ ਦੌਰਾਨ ਕੋਈ ਉਤਪਾਦ ਜ਼ਬਤ ਕਰਦੇ ਹਨ, ਤਾਂ ਅਸੀਂ ਉਤਪਾਦਾਂ ਦੀ ਸੂਚੀ ਅਤੇ ਜ਼ਬਤੀ ਨੂੰ ਚੁਣੌਤੀ ਦੇਣ ਦੇ ਤੁਹਾਡੇ ਅਧਿਕਾਰ ਦੀ ਵਿਆਖਿਆ ਕਰਦਾ ਇੱਕ ਨੋਟਿਸ ਤੁਹਾਨੂੰ ਡਾਕ ਰਾਹੀਂ ਭੇਜਾਂਗੇ। ਅਸੀਂ ਨੋਟਿਸ ਦੇ ਨਾਲ ਸੰਪਤੀ ਦੀ ਰਿਹਾਈ ਜਾਂ ਮੁੜ-ਪ੍ਰਾਪਤੀ ਲਈ ਪਟੀਸ਼ਨ *(Petition for Release Recovery of Property)* ਫ਼ਾਰਮ ਸ਼ਾਮਲ ਕਰਾਂਗੇ।

ਰਾਜ ਦੇ ਕਾਨੂੰਨ ਤਹਿਤ, ਜ਼ਬਤ ਕੀਤੇ ਸਿਗਰਟ ਜਾ ਤੰਬਾਕੂ ਉਤਪਾਦ ਸਿਰਫ਼ ਤਾਂ ਹੀ ਵਾਪਸ ਕੀਤੇ ਜਾ ਸਕਦੇ ਹਨ ਜੇ ਅਸੀਂ ਉਹਨਾਂ ਨੂੰ ਗਲਤੀ ਨਾਲ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਜ਼ਬਤ ਕੀਤਾ ਹੈ। ਆਪਣੇ ਉਤਪਾਦਾਂ ਨੂੰ ਵਾਪਸ ਮੰਗਣ ਲਈ, ਤੁਹਾਨੂੰ ਪੂਰਾ ਭਰਿਆ ਪਟੀਸ਼ਨ ਫ਼ਾਰਮ ਜਮ੍ਹਾਂ ਕਰਨਾ ਚਾਹੀਦਾ ਹੈ ਅਤੇ ਇਹ ਵਿਆਖਿਆ ਕਰਨੀ ਚਾਹੀਦੀ ਹੈ ਕਿ ਇੰਸਪੈਕਟਰ ਦੀ ਜ਼ਬਤੀ ਗਲਤ ਜਾਂ ਗੈਰ-ਕਾਨੂੰਨੀ ਕਿਉਂ ਸੀ। ਅਸੀਂ ਤੁਹਾਡੇ ਪਟੀਸ਼ਨ ਦਾ ਜਵਾਬ ਲਿਖਤੀ ਰੂਪ ਵਿੱਚ ਦੇਵਾਂਗੇ।

## ਜੇ ਮੈਨੂੰ ਹਾਜ਼ਰ ਹੋਣ ਲਈ ਬੁਲਾਵਾ ਮਿਲਦਾ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਨੂੰ ਦੀਵਾਨੀ ਮਾਮਲੇ ਵਿਚ ਬੁਲਾਵਾ ਜਾਰੀ ਕੀਤਾ ਜਾਂਦਾ ਹੈ, ਤਾਂ ਤੁਸੀਂ ਬੀ ਓ ਈ (BOE) ਦੇ ਸਪੈਸ਼ਲ ਟੈਕਸਜ਼ ਐਂਡ ਫੀਸ ਡਿਵੀਜ਼ਨ (BOE's Excise Taxes Division) ਤੋਂ ਉਲੰਘਣਾਂ ਕਰਨ ਦਾ ਨੋਟਿਸ ਪ੍ਰਾਪਤ ਕਰੋਗੇ। ਨੋਟਿਸ ਵਿੱਚ ਉਹਨਾਂ ਖਾਸ ਉਲੰਘਣਾਵਾਂ, ਜਿਨ੍ਹਾਂ ਲਈ ਤੁਹਾਨੂੰ ਬੁਲਾਇਆ ਗਿਆ ਹੈ, ਕਿਸੇ ਵੀ ਦੀਵਾਨੀ ਜੁਰਮਾਨਿਆਂ ਜਾਂ ਨਤੀਜਿਆਂ, ਅਤੇ ਤੁਹਾਡੇ ਅਪੀਲ ਕਰਨ ਦੇ ਹੱਕਾਂ ਦੀ ਵਿਆਖਿਆ ਕੀਤੀ ਜਾਵੇਗੀ।

ਜੇ ਤੁਹਾਨੂੰ ਫ਼ੌਜਦਾਰੀ ਬੁਲਾਵਾ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਬੁਲਾਵੇ ਵਿੱਚ ਦੱਸੇ ਅਨੁਸਾਰ ਅਦਾਲਤ ਵਿੱਚ ਪੇਸ਼ ਹੋਣ ਦੀ ਲੋੜ ਹੋਵੇਗੀ ਅਤੇ ਤੁਹਾਨੂੰ ਸ਼ਾਇਦ ਫ਼ੌਜਦਾਰੀ ਕਾਰਵਾਈਆਂ ਦੇ ਸੰਬੰਧ ਵਿੱਚ ਡਿਸਟ੍ਰਿਕਟ ਅਟਾਰਨੀ ਦੇ ਆਫ਼ਿਸ ਵੱਲੋਂ ਇੱਕ ਨੋਟਿਸ ਵੀ ਮਿਲ ਸਕਦਾ ਹੈ। ਜੇ ਤੁਸੀਂ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਹੋ, ਤਾਂ ਤੁਹਾਡੇ ਵਿਰੁੱਧ ਇੱਕ ਬੈਂਚ ਵਾਰੰਟ ਜਾਰੀ ਕੀਤਾ ਜਾਵੇਗਾ ਅਤੇ ਸ਼ਾਇਦ ਤੁਹਾਡੇ ਸਿਗਰਟ ਅਤੇ ਤੰਬਾਕੂ ਲਾਇਸੈਂਸ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ, ਰੱਦ ਕੀਤਾ ਜਾ ਸਕਦਾ ਹੈ, ਅਤੇ ਜੁਰਮਾਨੇ ਲਗਾਏ ਜਾ ਸਕਦੇ ਹਨ।

ਸਿਗਰਟ ਐਂਡ ਟੋਬੈਕੋ ਪ੍ਰੋਡਕਟ ਲਾਇਸੈਂਸਿੰਗ ਐਕਟ, ਅਦਾਲਤਾਂ ਵੱਲੋਂ ਲਗਾਏ ਜਾਣ ਵਾਲੇ ਕਿਸੇ ਫ਼ੌਜਦਾਰੀ ਜੁਰਮਾਨਿਆਂ ਦੇ ਇਲਾਵਾ, ਬੀ ਓ ਈ (BOE) ਵੱਲੋਂ ਦੀਵਾਨੀ ਜੁਰਮਾਨੇ ਲਗਾਏ ਜਾਣ ਦੀ ਖੁੱਲ੍ਹ ਦਿੰਦਾ ਹੈ (ਪ੍ਰਕਾਸ਼ਨ 161 ਦੇਖੋ, ਫ਼ੌਜਦਾਰੀ ਮਾਮਲੇ ਵਿਚ ਸਿਵਲ ਐਡਮਿਨਸਟ੍ਰੇਟਿਵ ਪ੍ਰੋਸੈਸ ਸ਼ਾਮਲ ਹੁੰਦਾ ਹੈ )। ਤੁਸੀਂ ਸਪੈਸ਼ਲ ਟੈਕਸਸ ਐਂਡ ਫੀਸ ਡਿਵੀਜ਼ਨ ਤੋਂ ਉਲੰਘਣਾ ਦਾ ਨੋਟਿਸ ਪ੍ਰਾਪਤ ਕਰੋਗੇ ਜਿਸ ਵਿਚ ਤੁਹਾਡੀਆਂ ਸਾਰੀਆਂ ਉਲੰਘਣਾਵਾਂ ਦੀ ਸੂਚੀ ਹੋਏਗੀ ਤੁਹਾਡੇ ਅਪੀਲ ਕਰਨ ਦੇ ਹੱਕਾਂ ਦੀ ਵਿਆਖਿਆ ਕੀਤੀ ਹੋਵੇਗੀ, ਅਤੇ ਤੁਹਾਨੂੰ ਹੋਰ ਸੰਬੰਧਤ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ।

## ਤਾਂ ਕੀ ਹੁੰਦਾ ਹੈ ਜੇ ਮੇਰੇ ਲਾਈਸੈਂਸ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਜਾਂ ਵਾਪਸ ਲੈ ਲਿਆ ਜਾਂਦਾ ਹੈ?

ਲਾਈਸੈਂਸ ਦੀ ਮੁਅੱਤਲੀ ਜਾਂ ਵਾਪਸ ਲਏ ਜਾਣ ਦੀ ਅਵਧੀ ਦੇ ਦੌਰਾਨ ਤੁਹਾਡੇ ਲਈ ਸਿਗਰਟਾਂ ਜਾਂ ਤੰਬਾਕੂ ਦੇ ਉਤਪਾਦਾਂ ਨੂੰ ਵਿਕਰੀ ਲਈ ਪ੍ਰਦਰਸ਼ਤ ਕਰਨ, ਵੇਚਣ ਜਾਂ ਤੋਹਫ਼ੇ ਵੱਜੋ ਦੇਣ ਲਈ ਰੋਕ ਲਗਾਈ ਜਾਂਦੀ ਹੈ। ਲਾਈਸੈਂਸ ਦੀ ਮੁਅੱਤਲੀ ਜਾਂ ਵਾਪਸ ਲਏ ਜਾਣ ਦੇ ਨੋਟਿਸ ਨੂੰ ਪ੍ਰਾਪਤ ਕਰਨ ਦੇ ਬਾਅਦ, ਉਤਪਾਦਾਂ ਨੂੰ ਵਿਕਰੀ ਦੇ ਲਈ ਪ੍ਰਦਰਸ਼ਿਤ ਕਰਦੇ ਰਹਿਣ ਕਾਰਨ ਹਰੇਕ ਅਪਰਾਧ ਦੇ ਲਈ $1,000 ਤੱਕ ਦੀ ਸਿਵਲ ਪੈਨਲਟੀ ਲੱਗ ਸਕਦੀ ਹੈ। ਲਾਈਸੈਂਸ ਦੀ ਮੁਅੱਤਲੀ ਜਾਂ ਇਸ ਨੂੰ ਵਾਪਸ ਲੈਣ ਦੇ ਬਾਅਦ ਵਿਕਰੀ ਕਰਦੇ ਰਹਿਣਾ ਜਾਂ ਇਸਨੂੰ ਤੋਹਫ਼ੇ ਵੱਜੋਂ ਦਿੰਦੇ ਰਹਿਣਾ ਇਕ ਗਲਤੀ ਹੈ ਅਤੇ ਇਸਦੇ ਨਤੀਜਨ ਤੁਹਾਡੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਦੇ ਉਤਪਾਦਾਂ ਨੂੰ ਉਠਾ ਲਿਆ ਜਾਵੇਗਾ ਅਤੇ ਜ਼ਬਤ ਕਰ ਦਿੱਤਾ ਜਾਵੇਗਾ।

ਬੀ ਓ ਈ (BOE) ਦੁਆਰਾ ਲਾਈਸੈਂਸ ਦੀ ਮੁਅੱਤਲੀ ਜਾਂ ਵਾਪਸ ਲਏ ਜਾਣ ਦੇ ਨੋਟਿਸ ਦੇ ਨਾਲ, ਪ੍ਰਚੂਨ ਵਿਕਰੇਤਾ, ਉਨ੍ਹਾਂ ਦੀ ਦੁਕਾਨ ਵਿਚ ਦਾਖਲੇ ਦੀ ਹਰ ਥਾਂ ਤੇ ਲਗਾਉਣ ਲਈ ਇਕ ਚਿੰਨ੍ਹ ਵੀ ਪ੍ਰਾਪਤ ਕਰਨਗੇ। ਨੋਟਿਸ ਵਿਚ ਦੱਸੀ ਗਈ ਅਵਧੀ ਦੇ ਲਈ, ਜ਼ਰੂਰਤ ਅਨੁਸਾਰ ਇਸ ਚਿੰਨ੍ਹ ਨੂੰ ਲਗਾਉਣ ਵਿਚ ਅਸਫਲ ਰਹਿਣ ਦੇ ਨਤੀਜਤਨ ਹਰ ਅਪਰਾਧ ਦੇ ਲਈ $1,000 ਦਾ ਜੁਰਮਾਨਾ ਲੱਗ ਸਕਦਾ ਹੈ।

## ਕੀ ਇਸ ਜਾਂਚ ਦੇ ਸੰਬੰਧ ਵਿੱਚ ਮੇਰੇ ਕੋਈ ਅਧਿਕਾਰ ਹਨ?

ਹਾਂ, ਕੈਲੀਫ਼ੋਰਨੀਆ ਦੇ ਕਰਦਾਤਾ ਵਜੋਂ ਤੁਹਾਡੇ ਕੁਝ ਖ਼ਾਸ ਕਾਨੂੰਨੀ ਅਧਿਕਾਰ ਹਨ। ਸਾਡੇ ਕਰਮਚਾਰੀਆਂ ਨੂੰ ਲਾਜ਼ਮੀ ਤੌਰ 'ਤੇ ਉਹਨਾਂ ਅਧਿਕਾਰਾਂ ਦੀ ਇੱਜ਼ਤ ਅਤੇ ਰੱਖਿਆ ਕਰਨੀ ਚਾਹੀਦੀ ਹੈ। ਜਿਵੇਂ ਕਿ ਸਾਡੇ ਪ੍ਰਕਾਸ਼ਨ 70, ''ਕੈਲੀਫ਼ੋਰਨੀਆ ਦੇ ਕਰਦਾਤਾ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣਾ'', ਵਿੱਚ ਵਿਆਖਿਆ ਕੀਤੀ ਗਈ ਹੈ, ਤੁਹਾਨੂੰ ਹੇਠਾਂ ਲਿਖਿਆਂ ਦਾ ਅਧਿਕਾਰ ਹੈ:

- ਨਿਮਰ ਅਤੇ ਜਲਦ ਸੇਵਾ
- ਨਿਰਪੱਖ ਵਿਹਾਰ
- ਗੁਪਤਤਾ
- ਜਾਣਕਾਰੀ ਅਤੇ ਸਹਾਇਤਾ
- ਆਪਣੇ ਚੁਣੇ ਹੋਏ ਬੋਰਡ ਆਫ਼ ਇਕੁਅਲਾਈਜੇਸ਼ਨ ਮੈਂਬਰਾਂ ਨਾਲ ਗੱਲ ਕਰਨੀ ਅਤੇ ਉਹਨਾਂ ਨੂੰ ਲਿਖਣਾ

## ਜੇ ਮੈਨੂੰ ਜਾਂਚ ਬਾਰੇ ਜਾਂ ਇੰਸਪੈਕਟਰ ਦੇ ਵਿਹਾਰ ਬਾਰੇ ਇਤਰਾਜ਼ ਹਨ ਤਾਂ ਕੀ ਮੈਂ ਸ਼ਿਕਾਇਤ ਦਾਇਰ ਕਰ ਸਕਦਾ ਹਾਂ?

ਹਾਂ। ਜੇ ਤੁਹਾਨੂੰ ਲੱਗਦਾ ਕਿ ਇੰਸਪੈਕਟਰ ਗੈਰ-ਪੇਸ਼ਾਵਰ ਸੀ ਜਾਂ ਉਸਨੇ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਤਾਂ ਤੁਸੀਂ ਹੇਠਾਂ ਦਿੱਤੇ ਤਰੀਕਿਆਂ ਰਾਹੀਂ ਸ਼ਿਕਾਇਤ ਦਾਇਰ ਕਰ ਸਕਦੇ ਹੋ

- ਇਨਵੈਸਟੀਗੇਸ਼ਨ ਡਿਵੀਜ਼ਨ ਨੂੰ 916-324-0105 'ਤੇ ਫ਼ੋਨ ਕਰਕੇ
- ਇਸ ਪਤੇ 'ਤੇ ਚਿੱਠੀ ਲਿਖ ਕੇ

  Investigations Division, MIC:42<br>Board of Equalization<br>P.O. Box 942879<br>Sacramento, CA 94279-0042

- ਇੰਟਰਨੈਟ ਵਰਤਦੇ ਹੋਏ।<br>*www.boe.ca.gov/info/icomplaint.htm* ਦੇਖੋ

ਯਕੀਨੀ ਬਣਾਉ, ਕਿ ਤੁਸੀਂ ਵਿਆਖਿਆ ਕੀਤੀ ਹੋਵੇ ਕਿ ਇੰਸਪੈਕਟਰ ਨੇ ਅਜਿਹਾ ਕੀ ਕੀਤਾ ਜੋ ਤੁਹਾਡੇ ਵਿਚਾਰ ਅਨੁਸਾਰ ਗਲਤ ਸੀ।

ਤੁਹਾਡੀ ਸ਼ਿਕਾਇਤ ਨੂੰ ਇਨਵੈਸਟੀਗੇਸ਼ਨ ਡਿਵੀਜ਼ਨ ਦਾ ਸੁਪਰਵਾਈਜ਼ਰ ਜਾਂ ਮੈਨੇਜਰ ਦੇਖੇਗਾ, ਜੋ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਤੁਸੀਂ ਸੁਪਰਵਾਈਜ਼ਰ ਜਾਂ ਮੈਨੇਜਰ ਨਾਲ ਆਪਣੀ ਸਮੱਸਿਆ ਸੁਲਝਾਉਣ ਵਿੱਚ ਅਸਮਰਥ ਰਹਿੰਦੇ ਹੋ ਜਾਂ ਚਾਹੁੰਦੇ ਹੋ ਕਿ ਤੁਹਾਡੀ ਸ਼ਿਕਾਇਤ ਨੂੰ ਡਿਵੀਜ਼ਨ ਦੇ ਬਾਹਰ ਦਾ ਕੋਈ ਵਿਅਕਤੀ ਦੇਖੇ, ਤਾਂ ਤੁਸੀਂ ਸਾਡੇ ਟੈਕਸਪੇਅਰ ਰਾਈਟਸ ਐਡਵੋਕੇਟ ਆਫ਼ਿਸ ਨਾਲ ਸੰਪਰਕ ਕਰ ਸਕਦੇ ਹੋ।

## ਟੈਕਸਪੇਅਰ ਰਾਈਟਸ ਐਡਵੋਕੇਟ ਆਫ਼ਿਸ

ਸਾਡਾ ਟੈਕਸਪੇਅਰ ਰਾਈਟਸ ਐਡਵੋਕੇਟ ਆਫ਼ਿਸ ਉਹਨਾਂ ਟੈਕਸ ਦੇਣ ਵਾਲਿਆਂ ਦੀ ਮਦਦ ਕਰਦਾ ਹੈ ਜੋ ਆਪਣੇ ਮਸਲੇ ਆਮ ਤਰੀਕਿਆਂ ਰਾਹੀਂ ਹੱਲ ਨਹੀਂ ਕਰ ਸਕੇ ਹਨ, ਜਦੋਂ ਉਹ ਕਿਸੇ ਖਾਸ ਸਥਿਤੀ ਨਾਲ ਸੰਬੰਧਤ ਪ੍ਰਕਿਰਿਆ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹਨ, ਜਾਂ ਜਦੋਂ ਉਹਨਾਂ ਦੇ ਹੱਕਾਂ ਦੀ ਉਲੰਘਣਾ ਹੋਈ ਜਾਪਦੀ ਹੋਵੇ। ਤੁਸੀਂ ਆਫ਼ਿਸ ਦੇ ਟੋਲ-ਫ੍ਰੀ ਨੰਬਰ 888-324-2798 'ਤੇ ਫ਼ੋਨ ਕਰ ਸਕਦੇ ਹੋ ਜਾਂ ਉਹਨਾਂ ਨਾਲ *www.boe.ca.gov/info/emailtra.htm* 'ਤੇ ਸੰਪਰਕ ਕਰ ਸਕਦੇ ਹੋ। ਆਫ਼ਿਸ ਸੁਤੰਤਰ ਤੌਰ 'ਤੇ ਤੁਹਾਡੀ ਜਾਂਚ ਦੀ ਸ਼ਿਕਾਇਤ ਦੀ ਜਾਂਚ ਕਰੇਗਾ ਅਤੇ ਜਵਾਬ ਦੇਵੇਗਾ।

## ਵਧੇਰੇ ਜਾਣਕਾਰੀ ਲਈ

ਜੇ ਜਾਂਚ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਤੁਸੀਂ ਸਾਡੀ ਇਨਵੈਸਟੀਗੇਸ਼ਨ ਡਿਵੀਜ਼ਨ ਨਾਲ 916-324-0105 'ਤੇ ਸੰਪਰਕ ਕਰ ਸਕਦੇ ਹੋ। ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਲਾਇਸੈਂਸਿੰਗ ਲਈ ਹੋਰ ਜਾਣਕਾਰੀ ਲਈ ਸਪੈਸ਼ਲ ਟੈਕਸਿਜ਼ ਐਂਡ ਫੀਸ ਡਿਵੀਜ਼ਨ ਨੂੰ 800-400-7115 'ਤੇ ਫ਼ੋਨ ਕਰੋ।

ਹੇਠਾਂ ਦਿੱਤੇ ਸੰਬੰਧਤ ਪ੍ਰਕਾਸ਼ਨ ਵੀ ਸਾਡੀ ਵੈਬਸਾਈਟ *www.boe.ca.gov* ਤੋਂ ਜਾਂ ਸਾਡੇ ਟੈਕਸਪੇਅਰ ਇਨਫ਼ਾਰਮੇਸ਼ਨ ਸੈਕਸ਼ਨ ਨੂੰ ਇਸ ਨੰਬਰ 'ਤੇ ਫ਼ੋਨ ਕਰਕੇ ਮਿਲ ਸਕਦੇ ਹਨ: 800-400-7115 (ਟੀ ਟੀ ਵਾਈ: 711)। ਇਨ੍ਹਾਂ ਵਿਚੋਂ ਕੁਝ ਪ੍ਰਕਾਸ਼ਨ ਹੇਠ ਲਿਖੀਆਂ ਭਾਸ਼ਾਵਾਂ ਵਿਚ ਵੀ ਉਪਲੱਬਧ ਹਨ: ਅਰਬੀ, ਚਾਈਨੀਜ਼, ਕੋਰੀਅਨ, ਪੰਜਾਬੀ, ਸਪੈਨਿਸ਼ ਅਤੇ ਵੀਅਤਨਾਮੀਜ਼।

| | |
|---|---|
| **4-A** | 2003 ਦਾ ਕੈਲੀਫ਼ੋਰਨੀਆ ਸਿਗਰਟ ਐਂਡ ਤੰਬਾਕੂ ਪ੍ਰੋਡਕਟ ਲਾਇਸੈਂਸਿੰਗ ਐਕਟ (ਬਿਜ਼ਨੇਸ ਟੈਕਸਿਜ਼ ਲਾਅ ਗਾਈਡ ਦਾ ਵਾਲਿਊਮ *III* ਦੇਖੋ) |
| **63** | ਸਿਗਰਟ ਡਿਸਟ੍ਰੀਬਿਊਟਰ ਲਾਇਸੈਂਸਿੰਗ ਅਤੇ ਟੈਕਸ ਸਟੈਂਪ ਗਾਈਡ |
| **70** | ਕੈਲੀਫ਼ੋਰਨੀਆ ਦੇ ਕਰਦਾਤਾ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣਾ |